-150-

# ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
## (ਤਾਲਮੇਲ/ਮੀਟਿੰਗਜ਼ ਸ਼ਾਖਾ)

ਮੇਲ/ਮੀਟਿੰਗਜ਼)ਅ-2/2011/ 485-492 ਮਿਤੀ: 7/1/2011

1) ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

5) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

7) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

8) ਸ਼੍ਰੀ ਰਜਿੰਦਰ ਸਿੰਘ ਰਾਣਾ,
ਪ੍ਰਧਾਨ
ਮਿਊਂਸਪਲ ਕੌਂਸਲ, ਐਸ.ਏ.ਐਸ. ਨਗਰ (ਮੁਹਾਲੀ)।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ ਨੌਵੀਂ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਨੌਵੀਂ ਮੀਟਿੰਗ ਜੋ ਮਿਤੀ 03-01-2011 ਨੂੰ ਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ।

ਕਤ ਅਨੁਸਾਰ।

ਨਿ ਸਹੀ/
ਅਮਲਾ ਅਫਸਰ,
ਗਮਾਡਾ, ਮੋਹਾਲੀ।

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2011/ 493 ਮਿਤੀ: 7/1/2011

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ ਨੌਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਮੁੱਖ ਾਬ, ਜੀ ਨੂੰ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਜੀ ਦੀ ਸੂਚਨਾ

ਨਿ ਸਹੀ/
ਅਮਲਾ ਅਫਸਰ,
ਗਮਾਡਾ, ਮੋਹਾਲੀ।

Scanned by CamScanner

ਮਾਨਯੋਗ ਸ੍ਰੀ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ -ਕਮ-ਚੇਅਰਮੈਨ ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 3.1.2011 ਨੂੰ ਸਵੇਰੇ 10-30 ਵਜੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਨੌਂਵੀਂ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਐਸ ਸੀ ਅਗਰਵਾਲ, ਆਈ. ਏ. ਐਸ.,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

2) ਸ੍ਰੀ ਡੀ ਐਸ ਗੁਰੂ, ਆਈ. ਏ. ਐਸ.,
ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

3) ਸ੍ਰੀ ਐਸ ਐਸ ਸੰਧੂ, ਆਈ. ਏ. ਐਸ.,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

4) ਸ੍ਰੀ ਐਸ ਐਸ ਰਾਜਪੂਤ, ਆਈ. ਏ. ਐਸ.,
ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ।

5) ਸ੍ਰੀ ਵੀ ਕੇ ਸਿੰਘ, ਆਈ. ਏ ਐਸ.,
ਸਕੱਤਰ, ਖਰਚਾ (ਵਿੱਤ ਵਿਭਾਗ),
ਨੁਮਾਇੰਦਾ ਪਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਸਰਕਾਰ,
ਚੰਡੀਗੜ੍ਹ ।

6) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

7) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ. ਏ ਐਸ.,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

ਉਪਰੋਕਤ ਤੋ ਇਲਾਵਾ ਹੇਠ ਲਿਖੇ ਅਧਿਕਾਰੀ ਵੀ ਮੀਟਿੰਗ ਵਿਚ ਸਾਮਿਲ ਹੋਏ:-

8) ਸ੍ਰੀ ਰਾਜੇਸ਼ ਸੋਢੀ, ਆਈ.ਆਰ.ਐਸ.,
ਵਧੀਕ ਮੁੱਖ ਪ੍ਰਸਾਸਕ (ਵਿ ਤੇ ਲੇ),
ਗਮਾਡਾ, ਮੋਹਾਲੀ ।

9) ਸ੍ਰੀ ਬਲਬੀਰ ਸਿੰਘ, ਪੀ.ਸੀ.ਐਸ,
ਮਿਲਖ ਅਫਸਰ, ਗਮਾਡਾ, ਮੋਹਾਲੀ ।

10) ਸ੍ਰੀ ਏ.ਕੇ.ਸਿੰਗਲਾ,
ਮੁੱਖ ਇੰਜੀਨੀਅਰ,
ਪੀ.ਡਬਲਿਊ.ਡੀ.(ਬੀ.ਐਂਡ.ਆਰ),
ਚੰਡੀਗੜ੍ਹ ।

Scanned by CamScanner

11) ਸ੍ਰੀ ਗੁਰਪ੍ਰੀਤ ਸਿੰਘ,
ਸੀਨੀਅਰ ਨਗਰ ਯੋਜਨਾਕਾਰ, ਪੰਜਾਬ
ਮੋਹਾਲੀ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

ਮੱਦ ਨੰ: 9.01
**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਮਿਤੀ 16-11-2010 ਨੂੰ ਹੋਈ ਅਠਵੀਂ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ।**

ਵਿਚਾਰ ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸਟੀ ਕੀਤੀ।

ਮੱਦ ਨੰ: 9.02
**ਗਮਾਡਾ ਦੀ ਮਿਤੀ 16-11-2010 ਨੂੰ ਅਥਾਰਟੀ ਦੀ ਅਠਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਸਬੰਧੀ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

ਮੱਦ ਨੰ: 9.03
**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਜੋ ਮਿਤੀ 16-12-10 ਨੂੰ ਹੋਈ ਸੀ, ਵਿਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸਨ ਬਾਰੇ ।**

ਅਥਾਰਿਟੀ ਨੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਨੂੰ ਨੋਟ ਕਰਦੇ ਹੋਏ ਰੈਟੀਫਾਈ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ ।

ਮੱਦ ਨੰ: 9.04
**ਸੈਕਟਰ-69 ਵਿਖੇ ਸ੍ਰੀ ਗੁਰੂ ਸਿੰਘ ਸਭਾ(ਰਜਿ) ਨੂੰ ਗੁਰੂਦਆਰਾ ਸਾਹਿਬ ਲਈ ਅਲਟਰਨੇਟਿਵ ਅਤੇ ਵੱਡੀ ਭੌਂ ਅਲਾਟ ਕਰਨ ਬਾਰੇ ।**

ਪ੍ਰਵਾਨ ਹੈ।

ਮੱਦ ਨੰ: 9.05
**ਗਮਾਡਾ ਲਈ ਆਈ.ਐਸ.ਓ.-9001 ਸਰਟੀਫਿਕੇਸਨ ਲੈਣ ਲਈ ਕੰਸਲਟੈਂਸੀ ਅਜੰਸੀ ਨਿਯੁਕਤ ਕਰਨ ਬਾਰੇ ।**

ਪ੍ਰਵਾਨ ਹੈ।

ਮੱਦ ਨੰ: 9.06
**ਐਸ.ਏ.ਐਸ.ਨਗਰ ਦੇ ਵੱਖ ਵੱਖ ਸੈਕਟਰਾਂ ਦੀਆਂ ਕਮਰਸੀਅਲ ਪਾਕਿਟਾਂ ਦੇ ਪਾਰਕਿੰਗ ਏਰੀਆ ਵਿਚ ਹਾਈ ਮਾਸਟ ਲਾਈਟਾਂ ਮੁਹੱਈਆ ਕਰਨ ਬਾਰੇ ।**

ਪ੍ਰਵਾਨ ਹੈ।



Scanned by CamScanner

ਮੱਦ ਨੰ: 9.07

(1) ਗਮਾਡਾ ਅਧੀਨ ਆਉਂਦੇ ਰਕਬੇ ਵਿਚ ਪੈਂਦੇ ਨਗਰਾਂ/ਸ਼ਹਿਰਾਂ ਵਿਚ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮ ਕਰਾਉਣ ਸਬੰਧੀ ।

(2) ਲਾਲੜੂ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮਾਂ ਸਬੰਧੀ ਪ੍ਰਵਾਨਗੀ ਬਾਰੇ ।

ਪ੍ਰਵਾਨ ਹੈ।

ਵਿਕਾਸ ਦੇ ਕੰਮਾਂ ਲਈ ਮੋਹਿੰਡਾ ਸਹਿਰ ਨੂੰ ਵੀ ਸਾਮਿਲ ਕਰਨ ਦਾ ਫੈਸਲਾ ਕੀਤਾ ਗਿਆ। ਮੁੱਖ ਪ੍ਰਸਾਸਕ, ਗਮਾਡਾ ਨੇ ਅਥਾਰਿਟੀਨੂੰ ਸੂਚਿਤ ਕੀਤਾ ਕਿ ਮੋਹਿੰਡਾ ਵਿਖੇ ਕੰਮ ਕਰਵਾਉਣ ਲਈ ਗਮਾਡਾ ਕੋਲ ਲੋੜੀਂਦਾ ਅਮਲਾ ਨਹੀਂ ਹੈ ਜਿਸ ਕਰਕੇ ਇਹ ਕੰਮ ਜਨ ਸਿਹਤ ਵਿਭਾਗ ਜਾਂ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਰਾਹੀਂ ਕਰਵਾਉਣ ਲਈ ਸੁਝਾਅ ਦਿੱਤਾ ਗਿਆ। ਇਸ ਸਬੰਧੀ ਫੈਸਲਾ ਲੈਣ ਦੇ ਅਧਿਕਾਰ ਮਾਨਯੋਗ ਚੇਅਰਮੈਨ, ਗਮਾਡਾ ਜੀ ਨੂੰ ਦਿੱਤੇ ਗਏ।

ਮੱਦ ਨੰ: 9.08

ਸੈਕਟਰ-63 ਮੋਹਾਲੀ ਵਿਖੇ ਸਪੋਰਟਸ ਕੰਪਲੈਕਸ ਦੀ ਉਸਾਰੀ ਸਬੰਧੀ ।

ਪ੍ਰਵਾਨ ਹੈ।

ਮੱਦ ਨੰ: 9.09

ਇਨਕਮ ਟੈਕਸ ਵਿਭਾਗ ਵਲੋਂ ਗਮਾਡਾ ਦੇ ਰਿਕਾਰਡ ਦਾ ਸਰਵੇ ਕਰਨ ਸਬੰਧੀ

ਨੋਟ ਕੀਤਾ ਗਿਆ ਅਤੇ ਕੀਤੀ ਗਈ ਕਾਰਵਾਈ ਦੀ ਪ੍ਰੋੜਤਾ ਕੀਤੀ ਗਈ ।

ਮੱਦ ਨੰ: 9.10

ਐਸ. ਏ.ਐਸ ਨਗਰ ਵਿਖੇ ਥਾਵਾਂ ਤੇ ਇਨਫਾਰਮੈਟਰੀ ਸਾਈਨੇਜ ਬੋਰਡ ਲਗਾਉਣ ਬਾਰੇ ।

ਪ੍ਰਵਾਨ ਹੈ।

ਮੱਦ ਨੰ: 9.11

ਮੋਹਾਲੀ ਸਹਿਰੀ ਦੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਰੀ ਦੀਆਂ ਮੁਖ ਸੜਕਾਂ ਤੇ ਸੁਰੱਖਿਅਤ ਇਨਫਰਾਸਟਰਕਚਰ ਮੁਹੱਈਆ ਕਰਨ ਸਬੰਧੀ ।

ਪ੍ਰਵਾਨ ਹੈ।

ਮੱਦ ਨੰ: 9.12

ਐਰੋਸਿਟੀ ਲਈ ਪ੍ਰਾਪਤ ਕੀਤੀ ਗਈ ਭੋਂ ਵਿਚ ਭੋਂ ਮਾਲਕਾਂ ਵਲੋਂ ਲੈਂਡ ਪੂਲਿੰਗ ਸਕੀਮ ਅਧੀਨ ਦਿੱਤੀਆਂ ਸਹਿਮਤੀਆਂ ਵਿਰੁੱਧ ਆਪਸਨ ਲੈਣ ਬਾਰੇ ।

ਪ੍ਰਵਾਨ ਹੈ।

ਮੱਦ ਨੰ: 9.13

ਖਰੜ ਬਾਈਪਾਸ ਅਤੇਂ ਸੈਕਟਰ-120, 123 ਐਸ.ਏ.ਐਸ.ਨਗਰ ਨੂੰ ਅਰਬਨ ਅਸਟੇਟ ਵਜੋਂ ਵਿਕਸਤ ਕਰਨ ਸਬੰਧੀ ਅਤੇ ਵਾਟਰ ਟਰੀਟਮੈਂਟ ਪਲਾਟ ਸਥਾਪਤ ਕਰਨ ਬਾਰੇ ।

ਇਸ ਮੱਦ ਤੇ ਵਿਚਾਰ ਵਟਾਂਦਰੇ ਦੋਰਾਨ ਮੁੱਖ ਨਗਰ ਯੋਜਨਾਕਾਰ, ਪੰਜਾਬ ਨੇ ਅਥਾਰਟੀ ਦੇ ਧਿਆਨ ਵਿਚ ਲਿਆਂਦਾ ਕਿ ਇਸ ਏਰੀਏ ਵਿਚ ਕੁਝ ਕੇਸਾਂ ਵਿਚ ਚੇਂਜ ਆਫ ਲੈਂਡ ਯੂਜ (ਸੀ.ਐਲ.ਯੂ.) ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਕੁਝ ਕੇਸ ਸੀ.ਐਲ.ਯੂ. ਲਈ ਅਪਲਾਈ ਕੀਤੇ ਹੋਏ ਹਨ । ਇਸਤੋ ਇਲਾਵਾ ਇਸ



Scanned by CamScanner

ਏ ਵਿਚ ਇੱਕ ਸੁਪਰ ਮੈਗਾ ਇੰਡਸਟਰੀਅਲ ਪ੍ਰੋਜੈਕਟ ਲਈ Empowered Committee ਨੇ ਪ੍ਰਵਾਨਗੀ ਦਿੱਤੀ ਹੈ, ਜਿਹਨਾਂ ਨੇ ਸੀ.ਐਲ.ਯੂ. ਲਈ ਅਪਲਾਈ ਕੀਤਾ ਹੋਇਆ ਹੈ ।ਵਿਚਾਰ-ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜਿਹਨਾਂ ਕੇਸਾਂ ਵਿਚ ਸੀ.ਐਲ.ਯੂ. ਪ੍ਰਵਾਨ ਕੀਤਾ ਗਿਆ ਹੈ ਜਾਂ ਸੀ.ਐਲ.ਯੂ. ਦੇ ਕੇਸ ਲਈ ਬਿਨੈ ਪੱਤਰ ਦਿੱਤਾ ਹੋਇਆ ਹੈ ਅਤੇ ਉਹ ਸੀ.ਐਲ.ਯੂ. ਦੀਆਂ ਸਾਰੀਆਂ ਸਰਤਾਂ ਪੂਰੀਆਂ ਕਰਦੇ ਹਨ ਜਾਂ ਜਿੱਥੇ Empowered Committee ਵੱਲੋਂ ਪ੍ਰੋਜੈਕਟ ਪ੍ਰਵਾਨ ਕੀਤਾ ਗਿਆ ਹੈ ਅਤੇ ਰਕਬਾ ਮੈਗਾ ਪ੍ਰੋਜੈਕਟ ਦੀ ਮਲਕੀਅਤ ਵਿਚ ਹੈ, ਉਸ ਰਕਬੇ ਨੂੰ ਭੌਂ ਪ੍ਰਾਪਤੀ ਤੋਂ ਛੋਟ ਦਿੱਤੀ ਜਾਵੇ । ਇਸ ਸੋਧ ਨਾਲ ਮੱਦ ਵਿਚ ਦਿੱਤੀ ਗਈ ਤਜਵੀਜ ਪ੍ਰਵਾਨ ਕਰ ਦਿੱਤੀ ।

**ਮੱਦ ਨੰ: 9.14**

**ਮੁਲਾਂਪੁਰ ਅਰਬਨ ਅਸਟੇਟ ਫੇਜ- 2 ਅਤੇ ਹੈਲਥ ਫੈਸਲਟੀਜ ਵਾਸਤੇ ਭੌਂ ਪ੍ਰਾਪਤ ਕਰਨ ਬਾਰੇ ।**

ਪ੍ਰਵਾਨ ਹੈ। ਵਿਚਾਰ-ਵਟਾਂਦਰੇ ਦੋਰਾਨ ਮਹਿਸੂਸ ਕੀਤਾ ਗਿਆ ਕਿ ਕਈ ਵੱਡੇ ਹੈਲਥ ਪ੍ਰੋਜੈਕਟ ਵੀ ਆ ਸਕਦੇ ਹਨ ਜਿਸ ਕਾਰਨ ਜਿਆਦਾ ਰਕਬੇ ਦੀ ਲੋੜ ਵੀ ਪੈ ਸਕਦੀ ਹੈ । ਇਸ ਕਰਕੇ ਫੈਸਲਾ ਕੀਤਾ ਕਿ ਹੈਲਥ ਫੈਸਲਿਟੀਜ ਲਈ 80 ਏਕੜ ਤੋਂ ਵਧਾ ਕੇ ਲਗਭਗ 120-125 ਏਕੜ ਰਕਬਾ ਪ੍ਰਾਪਤ ਕੀਤਾ ਜਾਵੇ ।

**ਮੱਦ ਨੰ: 9.15**

**ਮੋਹਾਲੀ ਨੇੜਲੇ ਪਿੰਡਾਂ ਵਿਖੇ ਵਿਕਾਸ ਕਾਰਜਾਂ ਸਬੰਧੀ ।**

ਪ੍ਰਵਾਨ ਹੈ।

**ਮੱਦ ਨੰ: 9.16**

**ਡਿਵੈਲਪਮੈਂਟ ਐਂਡ ਇੰਪਲੀਮੈਨਟੇਸਨ ਆਫ ਈ-ਗਵਰਨੈਸ ਇੰਨ ਗਮਾਡਾ।**

ਵਿਚਾਰ ਵਟਾਂਦਰੇ ਉਪਰੰਤ ਅਥਾਰਿਟੀ ਨੇ ਮੱਦ ਦੇ ਪੈਰਾ ਨੰ: 8,9 ਅਤੇ 13(b) ਵਿਚ ਦਿੱਤੀਆਂ ਤਜਵੀਜਾਂ ਦੀ ਪ੍ਰਵਾਨਗੀ ਦੇ ਦਿੱਤੀ।

ਉਪਰੋਕਤ ਫੈਸਲੇ ਉਪਰੰਤ ਕਰਵਾਏ ਜਾਣ ਵਾਲੇ ਕੰਮਾਂ ਅਤੇ ਅਜੰਸੀ ਨਾਲ ਇਸ ਸਬੰਧੀ ਗੱਲਬਾਤ ਕਰਨ ਉਪਰੰਤ ਅੰਤਿਮ ਨਿਰਣਾ ਲੈਣ ਲਈ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਦੀ ਰਚਨਾ ਕਰਨ ਦਾ ਵੀ ਫੈਸਲਾ ਕੀਤਾ :-

| | | |
|---|---|---|
| 1) | ਮੁੱਖ ਪ੍ਰਸਾਸਕ, ਗਮਾਡਾ | ਚੇਅਰਮੈਨ |
| 2) | ਵਧੀਕ ਮੁੱਖ ਪ੍ਰਸਾਸਕ (ਵਿ ਤ ਲੇ) | ਮੈਂਬਰ |
| 3) | ਵਧੀਕ ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ | ਮੈਂਬਰ |
| 4) | ਮੁੱਖ ਇੰਜੀਨੀਅਰ | ਮੈਂਬਰ |
| 5) | ਮਿਲਖ ਅਫਸਰ | ਕੰਨਵੀਨਰ |

**ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖੀਆਂ ਮੱਦਾਂ ਤੇ ਵਿਚਾਰ ਕੀਤਾ ਗਿਆ:-**

(1) **ਮੋਹਾਲੀ ਵਿਖੇ ਜਿਲ੍ਹਾ ਪ੍ਰਬੰਧਕੀ ਅਤੇ ਜੁਡੀਸ਼ੀਅਲ ਕੰਪਲੈਕਸ ਦੀ ਉਸਾਰੀ ਬਾਰੇ ।**

ਉਪਰੋਕਤ ਵਿਸੇ ਤੇ ਵਿਚਾਰ ਵਟਾਂਦਰੇ ਦੋਰਾਨ ਨੋਟ ਕੀਤਾ ਗਿਆ ਕਿ ਪੰਜਾਬ ਸਰਕਾਰ ਦੇ ਦਫਤਰਾਂ ਲਈ ਭੌਂ ਦੀ ਅਲਾਟਮੈਂਟ ਰਿਹਾਇਸੀ ਪਲਾਟਾਂ ਲਈ ਰੱਖੀ ਗਈ ਕੀਮਤ ਦੇ 75% ਦੇ ਹਿਸਾਬ ਨਾਲ ਕੀਤੀ ਜਾਂਦੀ ਹੈ । ਅਥਾਰਿਟੀ ਨੇ ਮਹਿਸੂਸ ਕੀਤਾ ਕਿ ਇਹ ਰੇਟ ਜਿਆਦਾ ਹਨ, ਕਿਉਂਕਿ ਸਰਕਾਰੀ ਦਫਤਰਾਂ ਵਿੱਚ ਲੋਕਾਂ ਦੀ ਸਹੂਲਤ ਲਈ ਕੀਤਾ ਜਾਂਦਾ ਹੈ ਅਤੇ ਕੰਮਕਾਜ ਦੀ ਕਾਰਜਕੁਸਲਤਾ ਲਈ ਸਰਕਾਰੀ ਦਫਤਰਾਂ ਦੀ ਇਮਾਰਤਾ ਦੀ ਉਸਾਰੀ ਕੀਤੀ ਜਾਂਦੀਹੈ । ਵਿਚਾਰ-ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਅੱਗੋਂ ਵਾਸਤੇ ਪੰਜਾਬ ਸਰਕਾਰ ਦੇ ਦਫਤਰਾਂ ਲਈ ਭੌਂ ਰਿਹਾਇਸੀ ਪਲਾਟਾਂ ਲਈ ਨਿਰਧਾਰਿਤ ਕੀਤੇ ਰੇਟਾਂ ਦੇ 50% ਦੇ ਹਿਸਾਬ ਨਾਲ ਅਲਾਟ ਕੀਤੀ ਜਾਵੇ ਅਤੇ ਭੌਂ ਦੀ ਕੀਮਤ ਦਾ 25% ਲੈਟਰ ਆਫ ਇੰਟੈਂਟ ਜਾਰੀ ਹੋਣ ਦੀ ਮਿਤੀ ਤੋ 90 ਦਿਨ ਦੇ ਅੰਦਰ ਅੰਦਰ ਦੇਣ ਯੋਗ



Scanned by CamScanner

ਹੋਵੇਗਾ। ਬਾਕੀ ਦੀ 75% ਰਕਮ 4 ਬਰਾਬਰ ਸਲਾਨਾ ਕਿਸਤਾਂ ਵਿਚ ਸਮੇਤ 12% ਵਿਆਜ ਦੇਣ ਯੋਗ ਹੋਵੇਗੀ । ਜਿਹਨਾਂ ਸਰਕਾਰੀ ਦਫਤਰਾਂ ਲਈ ਭੌਂ ਅਲਾਟ ਕਰਨ ਵਾਸਤੇ ਐਲ.ਓ.ਆਈ. ਜਾਰੀ ਕੀਤੇ ਜਾ ਚੁੱਕੇ ਹਨ ਪਰ ਐਲ.ਓ.ਆਈ. ਪੱਤਰ ਦੀਆਂ ਸਰਤਾਂ ਅਨੁਸਾਰ ਅਜੇ ਤੱਕ ਪੂਰੀ ਰਕਮ ਪ੍ਰਾਪਤ ਨਹੀ ਹੋਈ ਹੈ, ਉਹਨਾਂ ਕੇਸਾਂ ਵਿਚ ਵੀ ਉਕਤ ਫੈਸਲੇ ਅਨੁਸਾਰ ਭੌਂ ਦੀ ਕੀਮਤ ਵਸੂਲੀ ਜਾਵੇ । ਜ਼ਿਲ੍ਹਾ ਪ੍ਰਬੰਧਕੀ ਅਤੇ ਜੁਡੀਸ਼ੀਅਲ ਕੰਪਲੈਕਸ ਅਤੇ ਦੂਸਰੇ ਸਰਕਾਰੀ ਦਫਤਰਾਂ ਲਈ ਬਣਦੇ ਐਲ.ਓ.ਆਈ. ਦੁਬਾਰਾ ਤੋਂ ਜਾਰੀ ਕੀਤੇ ਜਾਣ ।

(2) **ਬਾਬਾ ਬੰਦਾ ਸਿੰਘ ਯਾਦਗਾਰ ਨੂੰ ਲਾਂਡਰਾਂ ਬਨੂੜ ਸੜ੍ਹਕ ਨਾਲ ਜੋੜਨ ਬਾਰੇ ।**

ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਨੇ ਸੂਚਿਤ ਕੀਤਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਉਸਾਰੀ ਕੀਤੀ ਜਾ ਰਹੀ ਹੈ ਜੋ ਨਵਬੰਰ 2011 ਵਿਚ ਪੂਰੀ ਹੋਣ ਦੀ ਆਸ ਹੈ । ਇਸ ਵੇਲੇ ਇਸ ਦੀ ਪੁਹੰਚ ਲਈ ਕੋਈ ਵੀ ਪੱਕੀ ਸੜ੍ਹਕ ਨਹੀ ਹੈ । ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਨੇ ਸੁਝਾਅ ਦਿੱਤਾ ਕਿ ਬਾਬਾ ਬੰਦਾ ਸਿੰਘ ਯਾਦਗਾਰ ਨੂੰ ਲਾਂਡਰਾ ਬਨੂੜ ਸੜਕ ਨਾਲ ਜੋੜ ਦਿੱਤਾ ਜਾਵੇ ਜਿਸ ਲਈ ਲਗਭਗ ਅੱਧਾ ਕਿਲੋਮੀਟਰ ਲੰਬੀ ਸੜਕ ਦੀ ਉਸਾਰੀ ਕਰਨੀ ਪਵੇਗੀ । ਮੁੱਖ ਪ੍ਰਸਾਸਕ, ਗਮਾਡਾ ਨੇ ਅਥਾਰਿਟੀ ਨੂੰ ਸੂਚਿਤ ਕੀਤਾ ਕਿ ਇਸ ਸੜ੍ਹਕ ਲਈ ਭੌਂ ਦੀ ਪ੍ਰਾਪਤੀ ਅਤੇ ਇਸਦੀ ਉਸਾਰੀ ਤੇ ਵੱਡੀ ਰਕਮ ਖਰਚ ਹੋਵੇਗੀ ਅਤੇ ਗਮਾਡਾ ਕੋਲ ਇਸ ਸਮੇਂ ਫੰਡਜ ਦੀ ਘਾਟ ਹੈ। ਵਿਚਾਰ-ਵਟਾਂਦਰੇ ਉਪਰੰਤ ਅਥਾਰਿਟੀ ਨੇ ਮਹਿਸੂਸ ਕੀਤਾ ਕਿ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਸਰਕਾਰ ਅਤੇ ਲੋਕਾਂ ਦਾ ਇੱਕ ਮਹੱਤਵਪੂਰਨ ਪ੍ਰੋਜੈਕਟ ਹੈ, ਜਿਸ ਲਈ ਇਸਨੂੰ ਪਹੁੰਚ ਲਈ ਸੜ੍ਹਕ ਦੀ ਉਸਾਰੀ ਜਰੂਰੀ ਹੈ । ਕਿਉਕਿ ਇਹ ਪ੍ਰੋਜੈਕਟ ਸਤੰਬਰ 2011 ਵਿਚ ਪੂਰਾ ਹੋਣ ਦੀ ਆਸ ਹੈ, ਇਸ ਲਈ ਅਥਾਰਿਟੀ ਨੇ ਫੈਸਲਾ ਕੀਤਾ ਕਿ ਗਮਾਡਾ ਇਸ ਸੜ੍ਹਕ ਦੀ ਉਸਾਰੀ ਲਈ ਭੌਂ ਪ੍ਰਾਪਤ ਕਰਨ ਲਈ ਕਾਰਵਾਈ ਤੁਰੰਤ ਅਰੰਭੇ ਅਤੇ ਭੌਂ ਪ੍ਰਾਪਤੀ ਉਪਰੰਤ ਸੜ੍ਹਕ ਦੀ ਉਸਾਰੀ ਗਮਾਡਾ ਵੱਲੋਂ ਜਲਦ ਪੂਰੀ ਕੀਤੀ ਜਾਵੇ ।

(3) **ਧਾਰਮਿਕ ਸਥਾਨਾਂ ਲਈ ਭੌਂ ਅਲਾਟ ਕਰਨ ਬਾਰੇ :**

ਅਥਾਰਿਟੀ ਨੇ ਨੋਟ ਕੀਤਾ ਕਿ ਮੋਹਾਲੀ ਵਿਖੇ ਲੋਕਾਂ ਵੱਲੋਂ ਧਾਰਮਿਕ ਸਥਾਨਾਂ ਲਈ ਭੌਂ ਦੀ ਅਲਾਟਮੈਂਟ ਲਈ ਕਾਫੀ ਮੰਗ ਹੈ । ਇਸ ਕਰਕੇ ਫੈਸਲਾ ਕੀਤਾ ਗਿਆ ਕਿ ਮੋਹਾਲੀ ਵਿਖੇ ਧਾਰਮਿਕ ਸਥਾਨਾਂ ਲਈ 4-5 ਸਾਈਟਾਂ ਅਡੰਟੀਫਾਈ ਕੀਤੀਆਂ ਜਾਣ ਅਤੇ ਇਹਨਾਂ ਦੀ ਅਲਾਟਮੈਂਟ ਲਈ ਜਲਦ ਸਕੀਮ ਉਲੀਕਦੇ ਹੋਏ ਬੇਨਤੀ ਪੱਤਰ ਮੰਗੇ ਜਾਣ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ-ਕਮ-ਚੇਅਰਮੈਨ
ਗਮਾਡਾ।

Scanned by CamScanner